ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ
(ਪੰਜਾਬ ਸਰਕਾਰ ਦਾ ਇੱਕ ਅਦਾਰਾ)
ਰਜਿ:ਦਫਤਰ:ਐਸ.ਸੀ.ਓ. ਨੰ: 36-40, ਸੈਕਟਰ-34-ਏ, ਚੰਡੀਗੜ੍ਹ
***

## ਪਬਲਿਕ ਨੋਟਿਸ

ਸ਼੍ਰੀਮਤੀ ਕਿਰਨਪ੍ਰੀਤ ਕੌਰ ਪੁੱਤਰੀ ਸ੍ਰੀ ਹਰਵਿੰਦਰ ਸਿੰਘ, ਸੀਨੀਅਰ ਸਹਾਇਕ (ਲੇਖਾ), ਪਨਸਪ, ਅੰਮ੍ਰਿਤਸਰ (ਹੁਣ ਗੈਰਹਾਜ਼ਰ) ਵਾਸੀ ਮਕਾਨ ਨੰ. ਡੀ-17/1306, ਗਲੀ ਪੈਟਰੋਲ ਪੰਪ ਵਾਲੀ, ਕਰਤਾਰ ਨਗਰ, ਛੇਹਰਟਾ, ਅੰਮ੍ਰਿਤਸਰ ਨੂੰ ਮੁੱਖ ਦਫਤਰ ਦੇ ਹੁਕਮ ਮਿਤੀ 18.01.2018 ਰਾਹੀਂ ਮਿਤੀ 16.12.2017 ਤੋਂ ਨਿਗਮ ਦੀਆਂ ਸੇਵਾਵਾਂ ਤੋਂ ਗੈਰਹਾਜ਼ਰ ਘੋਸ਼ਿਤ ਕੀਤਾ ਗਿਆ ਸੀ।

ਉਸ ਵੱਲੋਂ ਤਬੀਅਤ ਖਰਾਬ ਹੋਣ ਕਾਰਨ ਕਮਾਈ ਛੁੱਟੀ ਅਪਲਾਈ ਕੀਤੀ ਗਈ ਸੀ। ਮੁੱਖ ਦਫਤਰ, ਪਨਸਪ, ਚੰਡੀਗੜ੍ਹ ਦੇ ਪੱਤਰ ਮਿਤੀ 01.02.2018 ਰਾਹੀਂ ਰੱਦ ਕਰਦੇ ਹੋਏ ਉਸ ਨੂੰ ਹਦਾਇਤ ਕੀਤੀ ਗਈ ਕਿ ਸਿਵਲ ਸਰਜਨ, ਅੰਮ੍ਰਿਤਸਰ ਦੇ ਸਨਮੁੱਖ ਪੇਸ਼ ਹੋ ਕੇ ਆਪਣਾ ਮੈਡੀਕਲ ਕਰਵਾਉਣ ਉਪਰੰਤ ਮੈਡੀਕਲ ਫਿੱਟਨੈਸ ਸਰਟੀਫਿਕੇਟ ਪੇਸ਼ ਕੀਤਾ ਜਾਵੇ ਅਤੇ ਉਸ ਨੂੰ ਮੁੱਖ ਦਫਤਰ ਦੇ ਪੱਤਰ ਮਿਤੀ 01.02.2018 ਰਾਹੀਂ ਹਦਾਇਤ ਕੀਤੀ ਗਈ ਕਿ ਆਪਣੀ ਹਾਜ਼ਰੀ ਰਿਪੋਰਟ ਤੁਰੰਤ ਸਰਕਲ ਦਫਤਰ, ਪਨਸਪ, ਅੰਮ੍ਰਿਤਸਰ ਵਿਖੇ ਪੇਸ਼ ਕਰੇ।

ਉਸ ਨੂੰ ਉਕਤ ਦੋਵੇਂ ਪੱਤਰ **Insured Post** ਰਾਹੀਂ ਉਸ ਦੇ ਘਰ ਦੇ ਪਤੇ ਤੇ ਭੇਜੇ ਗਏ ਸਨ, ਪਰ ਇਹ ਦੋਵੇਂ ਪੱਤਰ ਅਣਵੰਡੇ ਵਾਪਸ ਪਰਤ ਆਏ।

ਜ਼ਿਲ੍ਹਾ ਮੈਨੇਜਰ, ਪਨਸਪ, ਅੰਮ੍ਰਿਤਸਰ ਵੱਲੋਂ ਆਪਣੇ ਪੱਤਰ ਮਿਤੀ 20.02.2018 ਰਾਹੀਂ ਰਿਪੋਰਟ ਭੇਜੀ ਗਈ ਹੈ ਕਿ ਹੁਕਮ ਮਿਤੀ 18.01.2018 ਅਤੇ ਮਿਤੀ 01.02.2018 ਡਲਿਵਰ ਕਰਨ ਲਈ ਮਿਤੀ 8 ਅਤੇ 9.2.2018 ਨੂੰ ਨੁਮਾਇੰਦਾ ਭੇਜਿਆ ਗਿਆ, ਪਰ ਘਰ ਨੂੰ ਤਾਲਾ ਲੱਗਾ ਹੋਣ ਕਾਰਨ ਪੱਤਰ/ਹੁਕਮ ਡਲਿਵਰ ਨਹੀਂ ਹੋਏ। ਮਿਤੀ 10.02.2018 ਨੂੰ ਦੁਬਾਰਾ ਨੁਮਾਇੰਦਾ ਭੇਜਿਆ ਗਿਆ, ਪਰ ਉਸ ਦੇ ਪਿਤਾ ਵੱਲੋਂ ਪੱਤਰ/ਹੁਕਮ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ।

ਇਸ ਲਈ ਇਸ ਨੋਟਿਸ ਰਾਹੀਂ ਸ਼੍ਰੀਮਤੀ ਕਿਰਨਪ੍ਰੀਤ ਕੌਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਜ਼ਿਲ੍ਹਾ ਦਫਤਰ, ਪਨਸਪ, ਅੰਮ੍ਰਿਤਸਰ ਵਿਖੇ ਹਾਜ਼ਰ ਹੋਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਅਧੀਨ ਪ੍ਰਸਾਸ਼ਨਿਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਮੈਨੇਜਿੰਗ ਡਾਇਰੈਕਟਰ**

Scanned by CamScanner